# ਇਕਸੁਰਤਾ

I. ਆਪਣੀ ਸੇਵਕਾਈ ਤੋਂ ਪਹਿਲਾਂ ਮਸੀਹ ਦੇ ਜੀਵਨ ਦਾ ਕਾਲ।
  ੳ. ਲੂਕਾ ਦੀ ਭੂਮਿਕਾ ਅਤੇ ਸਮਰਪਣ (ਲੂਕਾ 1:1–4)।
  ਅ. ਯੂਹੰਨਾ ਵਿਚ ਜਾਣ ਪਛਾਣ (ਯੂਹੰਨਾ 1:1–18)।
  ੲ. ਮੱਤੀ ਵਿਚ ਯਿਸੂ ਦੀ ਕੁਲਪੱਤਰੀ (ਮੱਤੀ 1:1–17)।
  ਸ. ਲੂਕਾ ਵਿਚ ਯਿਸੂ ਦੀ ਕੁਲਪੱਤਰੀ (ਲੂਕਾ 3:23–38)।
  ਹ. ਫ਼ਰਿਸ਼ਤੇ ਵੱਲੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਜਨਮ ਬਾਰੇ ਜ਼ਕਰਯਾਹ ਕੋਲ ਐਲਾਨ (ਲੂਕਾ 1:5–25)।
  ਕ. ਫ਼ਰਿਸ਼ਤੇ ਵੱਲੋਂ ਮਰੀਅਮ ਕੋਲ ਯਿਸੂ ਦੇ ਜਨਮ ਦਾ ਐਲਾਨ (ਲੂਕਾ 1:26–38)।
  ਖ. ਮਰੀਅਮ (ਯਿਸੂ ਦੀ ਹੋਣ ਵਾਲੀ ਮਾਂ) ਦਾ ਇਲੀਸਬਤ (ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਹੋਣ ਵਾਲੀ ਮਾਂ) ਦੇ ਕੋਲ ਜਾਣਾ (ਲੂਕਾ 1:39–56)।
  ਗ. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜਨਮ ਅਤੇ ਆਰੰਭਿਕ ਜੀਵਨ (ਲੂਕਾ 1:57–80)।
  ਘ. ਯਿਸੂ ਦੇ ਆਉਣ ਦਾ ਯੂਸੁਫ਼ ਕੋਲ ਐਲਾਨ (ਮੱਤੀ 1:18–25)।
  ਙ. ਯਿਸੂ ਦਾ ਜਨਮ (ਲੂਕਾ 2:1–7)।
  ਚ. ਅਯਾਲੀਆਂ ਕੋਲ ਯਿਸੂ ਦੇ ਜਨਮ ਦਾ ਐਲਾਨ (ਲੂਕਾ 2:8–20)।
  ਛ. ਯਿਸੂ ਦੀ ਸੁੰਨਤ ਅਤੇ ਨਾਮਕਰਣ; ਹੈਕਲ ਵਿਚ ਸੇਵਾ (ਲੂਕਾ 2:21–39)।
  ਜ. ਪੂਰਬ ਤੋਂ ਆਏ ਜੋਤਸ਼ੀਆਂ (''ਪੰਡਤਾਂ'') ਦਾ ਯਿਸੂ ਦੇ ਦਰਸ਼ਨ ਲਈ ਆਉਣਾ (ਮੱਤੀ 2:1–12)।
  ਝ. ਮਿਸਰ ਵਿਚ ਆਉਣਾ ਅਤੇ ਬੈਤਲਹਮ ਵਿਚ ਬੱਚਿਆਂ ਦਾ ਕਤਲੇਆਮ (ਮੱਤੀ 2:13–18)।
  ਞ. ਬਾਲਕ ਯਿਸੂ ਨੂੰ ਮਿਸਰ ਤੋਂ ਨਾਸਰਤ ਵਿਚ ਲਿਆਂਦਾ ਜਾਣਾ (ਮੱਤੀ 2:19–23; ਵੇਖੋ ਲੂਕਾ 2:39)।
  ਟ. ਯਿਸੂ ਦਾ ਨਾਸਰਤ ਵਿਚ ਰਹਿਣਾ; ਬਾਰਾਂ ਸਾਲ ਦੀ ਉਮਰ ਵਿਚ ਯਰੂਸ਼ਲਮ ਵਿਚ ਜਾਣਾ (ਲੂਕਾ 2:40–52)।

II. ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਕਾਈ ਦੀ ਸ਼ੁਰੂਆਤ।
  ੳ. ਯੂਹੰਨਾ ਦੀ ਸੇਵਕਾਈ (ਮੱਤੀ 3:1–6; ਮਰਕੁਸ 1:1–6; ਲੂਕਾ 3:1–6)।
  ਅ. ਯੂਹੰਨਾ ਦਾ ਸੰਦੇਸ਼ (ਮੱਤੀ 3:7–12; ਮਰਕੁਸ 1:7, 8; ਲੂਕਾ 3:7–18)।

III. ਯਿਸੂ ਦੀ ਸੇਵਕਾਈ ਦਾ ਆਰੰਭ।
  ੳ. ਯੂਹੰਨਾ ਹੱਥੋਂ ਯਰਦਨ ਵਿਚ ਯਿਸੂ ਦਾ ਬਪਤਿਸਮਾ (ਮੱਤੀ 3:13–17; ਮਰਕੁਸ 1:9–11; ਲੂਕਾ 3:21, 22; ਯੂਹੰਨਾ 1:31–34)।
  ਅ. ਉਜਾੜ ਵਿਚ ਯਿਸੂ ਦਾ ਪਰਤਾਵਾ ਹੋਇਆ (ਮੱਤੀ 4:1–11; ਮਰਕੁਸ 1:12, 13; ਲੂਕਾ 4:1–13)।
  ੲ. ਯਿਸੂ ਲਈ ਯੂਹੰਨਾ ਦੀ ਗਵਾਹੀ (ਯੂਹੰਨਾ 1:19–34)।

ਸ. ਯਿਸੂ ਦੇ ਆਰੰਭਿਕ ਚੇਲੇ (ਯਹੂਦੀਆ ਵਿਚ) (ਯੂਹੰਨਾ 1:35–51)।
ਹ. ਯਿਸੂ ਦਾ ਪਹਿਲਾ ਮੋਅਜਜ਼ਾ (ਕਾਨਾ ਗਲੀਲ ਵਿਚ) (ਯੂਹੰਨਾ 2:1–11)।
ਕ. ਕਫ਼ਰਨਾਹੂਮ ਵਿਚ ਯਿਸੂ ਦਾ ਪਹਿਲਾ ਠਿਕਾਣਾ (ਗਲੀਲ ਵਿਚ) (ਯੂਹੰਨਾ 2:12)।

IV. ਪਹਿਲੇ ਤੋਂ ਦੂਸਰੇ ਪਸਾਹ ਤਕ।

ੳ. ਯਿਸੂ ਦੀ ਸੇਵਕਾਈ ਦਾ ਪਹਿਲਾ ਪਸਾਹ।
1. ਹੈਕਲ ਨੂੰ ਸ਼ੁੱਧ ਕਰਨਾ (ਯੂਹੰਨਾ 2:13–25)।
2. ਨਿਕੁਦੇਮੁਸ ਨੂੰ ਸਿਖਾਉਣਾ (ਯੂਹੰਨਾ 3:1–21)।
ਅ. ਯਹੂਦੀਆ ਵਿਚ ਆਰੰਭਿਕ ਸੇਵਕਾਈ (ਅਤੇ ਯੂਹੰਨਾ ਵੱਲੋਂ ਹੋਰ ਗਵਾਹੀ) (ਯੂਹੰਨਾ 3:22–36)।
ੲ. ਯਹੂਦੀਆ ਤੋਂ ਗਲੀਲ ਵਿਚ ਜਾਣਾ।
1. ਜਾਣ ਦੇ ਕਾਰਨ (ਮੱਤੀ 4:12; ਮਰਕੁਸ 1:14; ਲੂਕਾ 3:19, 20; ਯੂਹੰਨਾ 4:1–3)।
2. ਸਾਮਰੀਆ ਦੀ ਘਟਨਾ (ਯੂਹੰਨਾ 4:4–42)।
3. ਗਲੀਲ ਵਿਚ ਪਹੁੰਚਣਾ (ਲੂਕਾ 4:14; ਯੂਹੰਨਾ 4:43–45)।
ਸ. ਗਲੀਲ ਵਿਚ ਯਿਸੂ ਦੀ ਸਿੱਖਿਆ ਦਾ ਇਕ ਆਮ ਬਿਓਰਾ (ਮੱਤੀ 4:17; ਮਰਕੁਸ 1:14, 15; ਲੂਕਾ 4:14, 15)।
ਹ. ਕਾਨਾ ਵਿਚ ਦੂਜਾ ਮੋਅਜਜ਼ਾ (ਯੂਹੰਨਾ 4:46–54)।
ਕ. ਕਫ਼ਰਨਾਹੂਮ ਤੋਂ ਗਲੀਲ ਵਿਚ ਜਾਣਾ (ਮੱਤੀ 4:13–16)।
ਖ. ਚਾਰ ਮਛੇਰਿਆਂ ਨੂੰ ਸੱਦਣਾ (ਮੱਤੀ 4:18–22; ਮਰਕੁਸ 1:16–20; ਲੂਕਾ 5:1–11)।
ਗ. ਕਫ਼ਰਨਾਹੂਮ ਵਿਚ: ਸਿਨਾਗੋਗ (ਯਹੂਦੀ ਸਮਾਜ) ਵਿਚ ਭੂਤ ਚੰਬੜੇ ਆਦਮੀ ਨੂੰ ਚੰਗਾ ਕਰਨਾ (ਮਰਕੁਸ 1:21–28; ਲੂਕਾ 4:31–37)।
ਘ. ਕਫ਼ਰਨਾਹੂਮ ਵਿਚ: ਪਤਰਸ ਦੀ ਸੱਸ ਅਤੇ ਹੋਰ ਲੋਕਾਂ ਨੂੰ ਚੰਗਾ ਕਰਨਾ (ਮੱਤੀ 8:14–17; ਮਰਕੁਸ 1:29–34; ਲੂਕਾ 4:38–41)।
ਙ. ਗਲੀਲ ਵਿਚ: ਯਿਸੂ ਦੀ ਸਿੱਖਿਆ ਅਤੇ ਚੰਗਿਆਈ ਦਾ ਪਹਿਲਾ ਦੌਰਾ (ਮੱਤੀ 4:23–25; ਮਰਕੁਸ 1:35–39; ਲੂਕਾ 4:42–44)।
ਚ. ਗਲੀਲ ਵਿਚ: ਇਕ ਕੋੜ੍ਹੀ ਨੂੰ ਚੰਗਿਆਂ ਕਰਨਾ– ਅਤੇ ਉਸਦਾ ਨਤੀਜਾ ਉੱਤੇਜਨਾ (ਮੱਤੀ 8:2–4; ਮਰਕੁਸ 1:40–45; ਲੂਕਾ 5:12–16)।
ਛ. ਕਫ਼ਰਨਾਹੂਮ ਵਿਚ ਵਾਪਸ: ਇਕ ਅਧਰੰਗੀ ਨੂੰ ਚੰਗਾ ਕਰਨਾ (ਮੱਤੀ 9:2–8; ਮਰਕੁਸ 2:1–12; ਲੂਕਾ 5:17–26)।
ਜ. ਕਫ਼ਰਨਾਹੂਮ ਦੇ ਨੇੜੇ: ਮੱਤੀ ਨੂੰ ਸੱਦਾ (ਮੱਤੀ 9:9; ਮਰਕੁਸ 2:13, 14; ਲੂਕਾ 5:27, 28)।

V. ਦੂਜੇ ਤੋਂ ਤੀਜੇ ਪਸਾਹ ਤਕ।

ੳ. ਯਿਸੂ ਨੇ ਸੱਬਤ ਵਾਲੇ ਦਿਨ ਲੰਗੜੇ ਨੂੰ ਚੰਗਾ ਕੀਤਾ ਅਤੇ ਆਪਣੇ ਕੰਮ ਦਾ ਬਚਾਓ ਕੀਤਾ (ਯੂਹੰਨਾ 5:1–47)।
ਅ. ਯਿਸੂ ਨੇ ਆਪਣੇ ਉਨ੍ਹਾਂ ਲੋਕਾਂ ਦਾ ਬਚਾਓ ਕੀਤਾ, ਜਿਨ੍ਹਾਂ ਨੇ ਸੱਬਤ ਵਾਲੇ ਦਿਨ ਸਿੱਟੇ ਤੋੜੇ ਸਨ (ਮੱਤੀ 12:1–8; ਮਰਕੁਸ 2:23–28; ਲੂਕਾ 6:1–5)।
ੲ. ਯਿਸੂ ਨੇ ਸੱਬਤ ਵਾਲੇ ਦਿਨ ਇਕ ਸੁੱਕੇ ਹੱਥ ਵਾਲੇ ਮਨੁੱਖ ਨੂੰ ਚੰਗਾ ਕਰਨ ਦੀ ਹਮਾਇਤ ਕੀਤੀ (ਮੱਤੀ 12:9–14; ਮਰਕੁਸ 3:1–6; ਲੂਕਾ 6:6–11)।

ਸ. ਯਿਸੂ ਨੇ ਗਲੀਲ ਦੀ ਝੀਲ ਨੇੜੇ ਬਹੁਤ ਸਾਰੇ ਲੋਕਾਂ ਨੂੰ ਚੰਗਿਆਂ ਕੀਤਾ (ਮੱਤੀ 12:15–21; ਮਰਕੁਸ 3:7–12)।

ਹ. ਦੁਆ ਦੇ ਬਾਅਦ, ਯਿਸੂ ਨੇ ਬਾਰਾਂ ਚੇਲਿਆਂ ਦੀ ਚੋਣ ਕੀਤੀ (ਮੱਤੀ 10:2–4; ਮਰਕੁਸ 3:13–19; ਲੂਕਾ 6:12–16)।

ਕ. ਪਹਾੜੀ ਉਪਦੇਸ਼।

1. ਸ਼ੁਰੂ ਦੇ ਕਥਨ (ਮੱਤੀ 5:1, 2; ਲੂਕਾ 6:17–20)।
2. ਮੁਬਾਰਕਬਾਦੀਆਂ: ਮਸੀਹ ਦੇ ਲੋਕਾਂ ਲਈ ਵਾਅਦੇ (ਮੱਤੀ 5:3–12; ਲੂਕਾ 6:20–26)।
3. ਮਸੀਹ ਦੇ ਲੋਕਾਂ ਦਾ ਪ੍ਰਭਾਵ (ਅਤੇ ਜ਼ਿੰਮੇਵਾਰੀਆਂ) (ਮੱਤੀ 5:13–16)।
4. ਮਸੀਹ ਦੀ ਸਿੱਖਿਆ ਦਾ ਪੁਰਾਣੇ ਨੇਮ ਨਾਲੋਂ ਅਤੇ ਉਸ ਦੀ ਸਿੱਖਿਆ ਉੱਤੇ ਮਨੁੱਖਾਂ ਦੀਆਂ ਬਣਾਈਆਂ ਰਵਾਇਤਾਂ ਨਾਲ ਸਬੰਧ (ਮੱਤੀ 5:17–48; ਲੂਕਾ 6:27–30, 32–36)।
5. ਧਾਰਮਿਕ ਕੰਮ ਦਿਲੋਂ ਕੀਤੇ ਜਾਣ, ਨਾ ਕਿ ਦਿਖਾਵੇ ਲਈ (ਮੱਤੀ 6:1–18)।
6. ਦੁਨੀਆਂ ਦੀਆਂ ਫ਼ਿਕਰਾਂ ਦੇ ਉਲਟ ਸੁਰਗੀ ਭੰਡਾਰ ਸੁਰੱਖਿਅਤ ਹਨ (ਮੱਤੀ 6:19–34)।
7. ਨਿਆਂ ਕਰਨ ਤੇ ਸਿੱਖਿਆ (ਮੱਤੀ 7:1–6; ਲੂਕਾ 6:37–42)।
8. ਦੁਆ ਤੇ ਸਿੱਖਿਆ (ਮੱਤੀ 7:7–11)।
9. ਸੁਨਹਿਰੀ ਨਿਯਮ (ਮੱਤੀ 7:12; ਲੂਕਾ 6:31)।
10. ਦੋ ਰਾਹ– ਅਤੇ ਝੂਠੇ ਨਬੀ (ਮੱਤੀ 7:13–23; ਲੂਕਾ 6:43–45)।
11. ਸਿੱਟਾ ਅਤੇ ਪਰਸੰਗਿਕਤਾ (ਦੋ ਮਕਾਨ ਬਣਾਉਣ ਵਾਲਾ) (ਮੱਤੀ 7:24–29; ਲੂਕਾ 6:46–49)।

ਖ. ਇਕ ਸੂਬੇਦਾਰ ਦੇ ਸੇਵਕ ਦਾ ਚੰਗਾ ਕੀਤਾ ਜਾਣਾ (ਮੱਤੀ 8:1, 5–13; ਲੂਕਾ 7:1–10)।

ਗ. ਇਕ ਵਿਧਵਾ ਦੇ ਪੁੱਤਰ ਨੂੰ ਜ਼ਿੰਦਾ ਕਰਨਾ (ਲੂਕਾ 7:11–17)।

ਘ. ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਜਵਾਬ ਦਿੱਤਾ ਗਿਆ (ਮੱਤੀ 11:2–30; ਲੂਕਾ 7:18–35)।

ਙ. ਯਿਸੂ ਦੇ ਪੈਰਾਂ ਨੂੰ ਮਸਹ ਕੀਤਾ ਗਿਆ (ਲੂਕਾ 7:36–50)।

ਚ. ਗਲੀਲ ਦਾ ਦੂਜਾ ਦੌਰਾ (ਲੂਕਾ 8:1–3)।

ਛ. ਖ਼ੁਦਾ ਦੀ ਨਿੰਦਿਆ ਦੇ ਇਲਜ਼ਾਮ (ਮੱਤੀ 12:22–37; ਮਰਕੁਸ 3:20–30; ਲੂਕਾ 11:14–23)।

ਜ. ਨਿਸ਼ਾਨ ਲੱਭਣ ਵਾਲੇ (ਮੱਤੀ 12:38–45; ਲੂਕਾ 11:16, 24–26, 29–36)।

ਝ. ਯਿਸੂ ਦਾ ਪਰਿਵਾਰ (ਮੱਤੀ 12:46–50; ਮਰਕੁਸ 3:31–35; ਲੂਕਾ 8:19–21; 11:27, 28)।

ਞ. ਦ੍ਰਿਸ਼ਟਾਂਤਾਂ ਦਾ ਪਹਿਲਾ ਵੱਡਾ ਸਮੂਹ।

1. ਮੌਕਾ ਅਤੇ ਹਲਾਤ (ਮੱਤੀ 13:1–3; ਮਰਕੁਸ 4:1, 2; ਲੂਕਾ 8:4)।
2. ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਅਤੇ ਉਸਦੀ ਵਿਆਖਿਆ (ਮੱਤੀ 13:3–23; ਮਰਕੁਸ 4:3–25; ਲੂਕਾ 8:5–18)।

3. ਖ਼ਾਮੋਸ਼ੀ ਨਾਲ ਉੱਗਣ ਦਾ ਦ੍ਰਿਸ਼ਟਾਂਤ (ਮਰਕੁਸ 4:26–29)।
4. ਜੰਗਲੀ ਬੂਟੀ ਦਾ ਦ੍ਰਿਸ਼ਟਾਂਤ (ਮੱਤੀ 13:24–30)।
5. ਰਾਈ ਦੇ ਬੀਜ ਅਤੇ ਖਮੀਰ ਦਾ ਦ੍ਰਿਸ਼ਟਾਂਤ (ਮੱਤੀ 13:31–35; ਮਰਕੁਸ 4:30–34)।
6. ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਦੀ ਵਿਆਖਿਆ (ਮੱਤੀ 13:36–43)।
7. ਖਜ਼ਾਨੇ ਅਤੇ ਮੋਤੀ ਦਾ ਦ੍ਰਿਸ਼ਟਾਂਤ (ਮੱਤੀ 13:44–46)।
8. ਜਾਲ ਦਾ ਦ੍ਰਿਸ਼ਟਾਂਤ (ਮੱਤੀ 13:47–53)।

ਟ. ਤੂਫ਼ਾਨ ਨੂੰ ਥੰਮ੍ਹਣਾ (ਮੱਤੀ 8:18, 23–27; ਮਰਕੁਸ 4:35–41; ਲੂਕਾ 8:22–25)।

ਠ. ਭੂਤ ਚੰਬੜੇ ਦੋ ਜਣਿਆਂ ਨੂੰ ਚੰਗਿਆਂ ਕਰਨਾ (ਮੱਤੀ 8:28–34; 9:1; ਮਰਕੁਸ 5:1–21; ਲੂਕਾ 8:26–40)।

ਡ. ਪਾਪੀਆਂ ਦੇ ਨਾਲ ਖਾਣਾ (ਅਤੇ ਰੋਜ਼ੇ ਉੱਤੇ ਉਪਦੇਸ਼) (ਮੱਤੀ 9:10–17; ਮਰਕੁਸ 2:15–22; ਲੂਕਾ 5:29–39)।

ਢ. ਜੈਰੁਸ ਦੀ ਧੀ ਨੂੰ ਜ਼ਿੰਦਾ ਕਰਨਾ (ਅਤੇ ਲਹੂ ਵਹਿਣ ਦੇ ਰੋਗ ਤੋਂ ਦੁਖੀ ਔਰਤ ਨੂੰ ਚੰਗਿਆਂ ਕਰਨਾ) (ਮੱਤੀ 9:18–26; ਮਰਕੁਸ 5:22–43; ਲੂਕਾ 8:41–56)।

ਣ. ਅੰਨ੍ਹਿਆਂ ਨੂੰ ਅਤੇ ਇਕ ਭੂਤ ਚੰਬੜੇ ਬੰਦੇ ਨੂੰ ਚੰਗਾ ਕਰਨਾ (ਅਤੇ ਅਲੋਚਨਾ ਨੂੰ ਸਹਿਣਾ) (ਮੱਤੀ 9:27–34)।

ਤ. ਨਾਸਰਤ ਵਿਚ ਜਾਣਾ (ਅਤੇ ਠੁਕਰਾਏ ਜਾਣਾ) (ਮੱਤੀ 13:54–58; ਮਰਕੁਸ 6:1–6; ਲੂਕਾ 4:16–31)।

ਥ. ਗਲੀਲ ਵਿਚ ਯਿਸੂ ਦਾ ਤੀਜੀ ਵਾਰ ਜਾਣਾ (ਅਤੇ ਬਾਰ੍ਹਾਂ ਨੂੰ ਹਦਾਇਤਾਂ) (ਮੱਤੀ 9:35–38; 10:1–42; 11:1; ਮਰਕੁਸ 6:6–13; ਲੂਕਾ 9:1–6)।

ਦ. ਯਿਸੂ ਵਿਚ ਹੇਰੋਦੇਸ ਦੀ ਦਿਲਚਸਪੀ (ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਮੌਤ ਦਾ ਬਿਓਰਾ) (ਮੱਤੀ 14:1–12; ਮਰਕੁਸ 6:14–29; ਲੂਕਾ 9:7–9)।

ਧ. ਯਿਸੂ ਦਾ ਹੇਰੋਦੇਸ ਦੇ ਇਲਾਕੇ ਵਿੱਚੋਂ ਜਾਣਾ (ਅਤੇ ਵਾਪਸ ਆਉਣਾ)।
1. ਬਾਰ੍ਹਾਂ ਦਾ ਵਾਪਸ ਆਉਣਾ ਅਤੇ ਗਲੀਲ ਦੀ ਝੀਲ ਦੇ ਪੂਰਬੀ ਕੰਢੇ ਵੱਲ ਜਾਣਾ (ਮੱਤੀ 14:12, 13; ਮਰਕੁਸ 6:30–32; ਲੂਕਾ 9:10; ਯੂਹੰਨਾ 6:1)।
2. ਪੰਜ ਹਜ਼ਾਰ ਬੰਦਿਆਂ ਨੂੰ ਖੁਆਉਣਾ (ਮੱਤੀ 14:13–21; ਮਰਕੁਸ 6:33–44; ਲੂਕਾ 9:11–17; ਯੂਹੰਨਾ 6:2–14)।
3. ਪਾਣੀ ਉੱਤੇ ਚੱਲਣਾ (ਮੱਤੀ 14:22–36; ਮਰਕੁਸ 6:45–56; ਯੂਹੰਨਾ 6:15–21)।

ਨ. ਜ਼ਿੰਦਗੀ ਦੀ ਰੋਟੀ ਉੱਤੇ ਯਿਸੂ ਦਾ ਉਪਦੇਸ਼ (ਅਤੇ ਪਤਰਸ ਦਾ ਇਕਰਾਰ) (ਯੂਹੰਨਾ 6:21–71)।

VI. ਤੀਜੇ ਪਸਾਹ ਤੋਂ ਯਿਸੂ ਦਾ ਬੈਤਅਨੀਆ ਵਿਚ ਆਉਣ ਤਕ।

ੳ. ਤੀਜਾ ਪਸਾਹ (ਵੇਖੋ ਯੂਹੰਨਾ 6:4; 7:1)।

ਅ. ਰਵਾਇਤ ਨੂੰ ਨਾ ਮੰਨਣ ਦਾ ਇਲਜ਼ਾਮ ਲੱਗਣਾ (ਮੱਤੀ 15:1–20; ਮਰਕੁਸ 7:1–23)।

ੲ. ਹੇਰੋਦੇਸ ਦੇ ਇਲਾਕੇ ਵਿੱਚੋਂ ਨਿੱਕਲਣਾ (ਮੱਤੀ 15:21; ਮਰਕੁਸ 7:24)।

ਸ. ਫਿਨੀਕੇ (ਜਾਂ ਕਨਾਨੀ ਕੌਮ) ਦੀ ਔਰਤ ਦੀ ਬੇਟੀ ਨੂੰ ਚੰਗਾ ਕਰਨਾ (ਮੱਤੀ 15:22–28; ਮਰਕੁਸ 7:25–30)।

ਹ. ਹੇਰੋਦੇਸ ਦੇ ਇਲਾਕੇ ਵਿਚ ਜਾਣੋਂ ਬਚਣਾ (ਮੱਤੀ 15:29; ਮਰਕੁਸ 7:31)।

ਕ. ਇਕ ਗੂੰਗੇ ਨਾਲ ਬਹੁਤ ਸਾਰੇ ਲੋਕਾਂ ਨੂੰ ਚੰਗਾ ਕਰਨਾ (ਮੱਤੀ 15:30, 31; ਮਰਕੁਸ 7:32–37)।

ਖ. ਚਾਰ ਹਜ਼ਾਰ ਬੰਦਿਆਂ ਨੂੰ ਖਾਣਾ ਖੁਆਉਣਾ (ਮੱਤੀ 15:32–39; ਮਰਕੁਸ 8:1–9)।

ਗ. ਹੇਰੋਦੇਸ ਦੇ ਇਲਾਕੇ ਤੋਂ ਇਕ ਹੋਰ ਵਾਰ ਨਿੱਕਲਣਾ।

1. ਗਲੀਲ ਵਿਚ: ਯਿਸੂ ਦੇ ਦੁਸ਼ਮਣਾਂ ਵੱਲੋਂ ਇਕ ਹੋਰ ਹਮਲਾ– ਉਸਦੇ ਬਾਅਦ ਇਕ ਹੋਰ ਵਾਰੀ ਨਿੱਕਲਣਾ (ਮੱਤੀ 15:39—16:12; ਮਰਕੁਸ 8:10–21)।
2. ਬੈਤਸੈਦਾ ਵਿਚ: ਇਕ ਅੰਨ੍ਹੇ ਨੂੰ ਚੰਗਾ ਕੀਤਾ ਗਿਆ (ਮਰਕੁਸ 8:22–26)।
3. ਕੈਸਰੀਆ ਫ਼ਿਲਿੱਪੀ ਦੇ ਨੇੜੇ: ਚੰਗਾ ਇਕਰਾਰ (ਮੱਤੀ 16:13–20; ਮਰਕੁਸ 8:27–30; ਲੂਕਾ 9:18–21)।
4. ਕੈਸਰੀਆ ਫ਼ਿਲਿੱਪੀ ਦੇ ਨੇੜੇ: ਯਿਸੂ ਦੀ ਮੌਤ ਦੀ ਨਬੂਵਤ (ਮੱਤੀ 16:21–28; ਮਰਕੁਸ 8:31–38; ਲੂਕਾ 9:22–27)।
5. ਕੈਸਰੀਆ ਫ਼ਿਲਿੱਪੀ ਦੇ ਨੇੜੇ (ਹਰਮੋਨ ਪਹਾੜ ਤੇ ?): ਰੂਪ ਬਦਲ ਜਾਣਾ (ਮੱਤੀ 17:1–13; ਮਰਕੁਸ 9:2–13; ਲੂਕਾ 9:28–36)।
6. ਭੂਤ ਚੰਬੜੇ ਇਕ ਮੁੰਡੇ ਨੂੰ ਚੰਗਾ ਕਰਨਾ (ਮੱਤੀ 17:14–21; ਮਰਕੁਸ 9:14–29; ਲੂਕਾ 9:37–43)।
7. ਗਲੀਲ ਵਿਚ ਵਾਪਸੀ (ਯਿਸੂ ਦੀ ਮੌਤ ਦੀ ਫੇਰ ਨਬੂਵਤ) (ਮੱਤੀ 17:22, 23; ਮਰਕੁਸ 9:30–32; ਲੂਕਾ 9:43–45)।

ਘ. ਹੈਕਲ ਦੇ ਜਜ਼ੀਏ ਤੇ ਸਵਾਲ (ਮੱਤੀ 17:24–27)।

ਙ. ਬੱਚਿਆਂ ਵਰਗੇ ਬਣਨ ਦੀ ਲੋੜ ਤੇ ਸਿੱਖਿਆ (ਮੱਤੀ 18:1–14; ਮਰਕੁਸ 9:33–50; ਲੂਕਾ 9:46–50)।

ਚ. ਗਲੀਲ ਵਿਚ ਆਖ਼ਰੀ ਸਿੱਖਿਆ: ਭਾਈਆਂ ਵਿਚਕਾਰ ਮੁਸ਼ਕਿਲਾਂ (ਮੱਤੀ 18:15–35)।

ਛ. ਸੇਵਕਾਈ ਬਦਲ ਕੇ ਯਹੂਦੀਆ ਵਿਚ ਚਲੀ ਜਾਂਦੀ ਹੈ (ਵੇਖੋ ਯੂਹੰਨਾ 7:1; ਮੱਤੀ 19:1)।

1. ਯਿਸੂ ਨੂੰ ਉਹਦੇ ਭਾਈਆਂ ਵੱਲੋਂ ਡੇਰਿਆਂ ਜਾਂ ਤੰਬੂਆਂ ਦੇ ਪਰਬ ਵਿਚ ਜਾਣ ਲਈ ਜ਼ੋਰ (ਯੂਹੰਨਾ 7:2–9)।
2. ਯਿਸੂ ਦਾ ਖ਼ਾਮੋਸ਼ੀ ਨਾਲ ਯਰੂਸ਼ਲਮ ਵਿਚ ਜਾਣਾ (ਲੂਕਾ 9:51–56; ਯੂਹੰਨਾ 7:10)।
3. ਰਾਹ ਵਿਚ: ਚੇਲੇ ਬਣਨ ਤੇ ਸਿੱਖਿਆ (ਲੂਕਾ 9:57–62)।

ਜ. ਯਰੂਸ਼ਲਮ ਵਿਚ: ਡੇਰਿਆਂ ਦਾ ਪਰਬ

1. ਪਰਬ ਦੇ ਦੌਰਾਨ: ਹੈਕਲ ਵਿਚ ਸਿੱਖਿਆ ਦੇਣਾ (ਯੂਹੰਨਾ 7:11–36)।
2. ਪਰਬ ਦੇ ਆਖ਼ਰੀ ਦਿਨ ਜ਼ਿੰਦਗੀ ਦੇ ਪਾਣੀ ਤੇ ਸਿੱਖਿਆ (ਯੂਹੰਨਾ 7:37–52)।
3. ਪਰਬ ਦੇ ਬਾਅਦ: ਵਧੀਕ ਸਿੱਖਿਆ।
   - ੳ. ਵਿਭਚਾਰ ਕਰਦੀ ਫੜ੍ਹੀ ਗਈ ਔਰਤ (ਯੂਹੰਨਾ 7:53—8:11)।
   - ਅ. ਚਾਨਣ ਅਤੇ ਹਨੇਰੇ ਉੱਤੇ ਸਿੱਖਿਆ (ਯੂਹੰਨਾ 8:12–59)।

ੲ. ਜਿਸਮਾਨੀ ਅਤੇ ਰੂਹਾਨੀ ਅੰਨ੍ਹੇਪਣ ਉੱਤੇ ਸਿੱਖਿਆ (ਯੂਹੰਨਾ 9:1–41)।
ਸ. ਚੰਗੇ ਚਰਵਾਹੇ ਅਤੇ ਮਜ਼ਦੂਰਾਂ ਉੱਤੇ ਸਿੱਖਿਆ (ਯੂਹੰਨਾ 10:1–21)।

ਝ. ਬਾਅਦ ਵਿਚ ਯਹੂਦੀਆ ਵਿਚ ਸੇਵਕਾਈ (ਨਵਾਂ ਨੇਮ)।

1. ਯਿਸੂ ਅਤੇ ਸੱਤਰ ਚੇਲੇ (ਲੂਕਾ 10:1–24)।
2. ਯਿਸੂ ਅਤੇ ਸ਼ਰ੍ਹਾ ਦਾ ਇਕ ਸਿਖਾਉਣ ਵਾਲਾ (ਨੇਕ ਸਾਮਰੀ ਦੀ ਕਹਾਣੀ) (ਲੂਕਾ 10:25–37)।
3. ਯਿਸੂ, ਮਰੀਅਮ ਅਤੇ ਮਾਰਥਾ (ਲੂਕਾ 10:38–42)।
4. ਯਿਸੂ ਅਤੇ ਉਸ ਦੇ ਚੇਲੇ (ਦੁਆ ਉੱਤੇ ਸਿੱਖਿਆ) (ਲੂਕਾ 11:1–13)।
5. ਯਿਸੂ ਅਤੇ ਇਕ ਫ਼ਰੀਸੀ (ਲੂਕਾ 11:37–54)।
6. ਯਿਸੂ ਅਤੇ ਲੋਕਾਂ ਦੀ ਭੀੜ (ਵੇਖੋ ਲੂਕਾ 12:1, 13, 54; 13:1)।
   ੳ. ਕਪਟ ਉੱਤੇ ਸਿੱਖਿਆ (ਲੂਕਾ 12:1–12)।
   ਅ. ਭੌਤਿਕਵਾਦ ਉੱਤੇ ਸਿੱਖਿਆ (ਲੂਕਾ 12:13–34)।
   ੲ. ਚੌਕਸੀ ਉੱਤੇ ਸਿੱਖਿਆ (ਲੂਕਾ 12:35–48)।
   ਸ. ਸਿਰ ਤੇ ਦੁਖਾਂਤ ਉੱਤੇ ਸਿੱਖਿਆ (ਲੂਕਾ 12:49–59)।
   ਹ. ਤੌਬਾ ਉੱਤੇ ਸਿੱਖਿਆ (ਲੂਕਾ 13:1–9)।
7. ਯਿਸੂ ਅਤੇ ਇਕ ਬਿਮਾਰ ਔਰਤ (ਸੱਬਤ ਦਾ ਝਗੜਾ) (ਲੂਕਾ 13:10–21)।

ਞ. ਸਮਰਪਣ ਦਾ ਪਰਬ (ਲੂਕਾ 13:22; ਯੂਹੰਨਾ 10:22)।

1. ਉਸ ਦੇ ਦੁਸ਼ਮਣਾਂ ਨਾਲ ਝਗੜਾ ਜਾਰੀ (ਯੂਹੰਨਾ 10:23–30)।
2. ਉਸ ਦੇ ਕਤਲ ਦੀਆਂ ਕੋਸ਼ਿਸ਼ਾਂ ਜਾਰੀ (ਯੂਹੰਨਾ 10:31–39)।

ਟ. ਪਿਰੀਆ ਦੀ ਸੇਵਕਾਈ।

1. ਯਿਸੂ ਦੀ ਸੇਵਕਾਈ ‘‘ਯਰਦਨ ਦੇ ਪਾਰ’’ (ਯੂਹੰਨਾ 10:40–42; ਵੇਖੋ ਮੱਤੀ 19:1, 2; ਮਰਕੁਸ 10:1)।
2. ਯਿਸੂ ਤੋਂ ਪੁੱਛ ਗਿੱਛ ਅਤੇ ਚਿਤਾਵਨੀ (ਲੂਕਾ 13:23–35)।
3. ਯਿਸੂ ਨੂੰ ਇਕ ਫ਼ਰੀਸੀ ਦੇ ਘਰ ਸੱਦਿਆ ਜਾਣਾ ਅਤੇ ਪਰਬਾਂ ਉੱਤੇ ਤਿੰਨ ਢੁਕਵੇਂ ਸਬਕ (ਲੂਕਾ 14:1–24)।
   ੳ. ਹਲੀਮੀ ਉੱਤੇ ਸਬਕ (ਲੂਕਾ 14:7–11)।
   ਅ. ਬੇਗਰਜ਼ੀ ਉੱਤੇ ਸਬਕ (ਲੂਕਾ 14:12–14)।
   ੲ. ਵੱਡੀ ਦਾਅਵਤ ਦਾ ਦ੍ਰਿਸ਼ਟਾਂਤ (ਲੂਕਾ 14:16–24)।
4. ਯਿਸੂ ਦੇ ਮਗਰ ਲੋਕਾਂ ਦੀ ਭੀੜ ਅਤੇ ਇਕ ਅਹਿਮ ਸਬਕ (ਲੂਕਾ 14:25–35)।
5. ਮਹਿਸੂਲ ਲੈਣ ਵਾਲਿਆਂ ਅਤੇ ਪਾਪੀਆਂ ਦਾ ਯਿਸੂ ਦੇ ਮਗਰ ਆਉਣਾ ਅਤੇ ਤਿੰਨ ਦਿਲ ਟੁੰਬਵੀਆਂ ਕਹਾਣੀਆਂ, ਜਿਨ੍ਹਾਂ ਤੋਂ ਇਕ ਸਬਕ ਮਿਲਦਾ ਹੈ (ਲੂਕਾ 15:1–32):
   ੳ. ਗੁਆਚੀ ਹੋਈ ਭੇਡ ਦਾ ਦ੍ਰਿਸ਼ਟਾਂਤ (ਲੂਕਾ 15:3–7)।
   ਅ. ਗੁਆਚੇ ਸਿੱਕੇ ਦਾ ਦ੍ਰਿਸ਼ਟਾਂਤ (ਲੂਕਾ 15:8–10)।
   ੲ. ਗੁਆਚੇ ਮੁੰਡੇ ਦਾ ਦ੍ਰਿਸ਼ਟਾਂਤ (ਲੂਕਾ 15:11–32)।
6. ਯਿਸੂ ਆਪਣੇ ਚੇਲਿਆਂ ਨਾਲ– ਅਤੇ ਬੇਈਮਾਨ ਮੁਖ਼ਤਿਆਰ ਦੇ ਦ੍ਰਿਸ਼ਟਾਂਤ ਵਿਚ ਇਕ ਸਬਕ (ਲੂਕਾ 16:1–13)।

7. ਯਿਸੂ ਦੀ ਫ਼ਰੀਸੀਆਂ ਵੱਲੋਂ ਨਿਗਰਾਨੀ ਅਤੇ ਅਮੀਰ ਆਦਮੀ ਅਤੇ ਲਾਜ਼ਰ ਦੇ ''ਦ੍ਰਿਸ਼ਟਾਂਤ'' ਵਿਚ ਇਕ ਗੰਭੀਰ ਸਬਕ (ਲੂਕਾ 16:14–31)।
8. ਫੁਟਕਲ ਸਿੱਖਿਆ (ਲੂਕਾ 17:1–10)।

ਠ. ਬੈਤਅਨੀਆ ਵਿਚ।
1. ਲਾਜ਼ਰ ਨੂੰ ਜ਼ਿੰਦਾ ਕਰਨਾ (ਯੂਹੰਨਾ 11:1–46)।
2. ਮਹਾਸਭਾ ਦਾ ਫ਼ਰਮਾਨ (ਯੂਹੰਨਾ 11:47–53)।

ਡ. ਫ਼ਲਿਸਤੀਨ ਦਾ ਆਖ਼ਰੀ ਸਫ਼ਰ।
1. ਇਫ਼ਰਾਈਮ ਵਿਚ ਜਾਣਾ (ਯੂਹੰਨਾ 11:54)।
2. ਸਾਮਰੀਆ ਅਤੇ ਗਲੀਲ ਵਿੱਚੋਂ ਦੀ ਹੋ ਕੇ (ਲੂਕਾ 17:11)।

ਢ. ਯਰੂਸ਼ਲਮ ਨੂੰ ਆਖ਼ਰੀ ਵਾਰ ਜਾਣਾ (ਲੂਕਾ 17:11)।
1. ਦਸ ਕੋੜ੍ਹਿਆਂ ਨੂੰ ਚੰਗਾ ਕਰਨਾ (ਲੂਕਾ 17:12–19)।
2. ਰਾਜ ਉੱਤੇ ਸਿੱਖਿਆ (ਲੂਕਾ 17:20–37)।
3. ਦੁਆ ਉੱਤੇ ਦ੍ਰਿਸ਼ਟਾਂਤ।
   ੳ. ਹਠੀ ਵਿਧਵਾ ਦਾ ਦ੍ਰਿਸ਼ਟਾਂਤ (ਲੂਕਾ 18:1–8)।
   ਅ. ਫ਼ਰੀਸੀ ਅਤੇ ਮਸੂਲ ਲੈਣ ਵਾਲੇ ਦਾ ਦ੍ਰਿਸ਼ਟਾਂਤ (ਲੂਕਾ 18:9–14)।
4. ਤਲਾਕ ਤੇ ਸਵਾਲ ਅਤੇ ਵਿਆਹ ਤੇ ਸਿੱਖਿਆ (ਮੱਤੀ 19:1–12; ਮਰਕੁਸ 10:1–12)।
5. ਬੱਚਿਆਂ ਦੇ ਸਬੰਧ ਵਿਚ ਗਲਤਫ਼ਹਿਮੀ ਅਤੇ ਬੱਚਿਆਂ ਵਰਗੇ ਹੋਣ ਤੇ ਸਿੱਖਿਆ (ਮੱਤੀ 19:13–15; ਮਰਕੁਸ 10:13–16; ਲੂਕਾ 18:15–17)।
6. ਹਮੇਸ਼ਾ ਦੀ ਜ਼ਿੰਦਗੀ ਬਾਰੇ ਸਵਾਲ ਅਤੇ ਧਨ ਉੱਤੇ ਸਿੱਖਿਆ ਅਤੇ ਅਮੀਰ ਆਦਮੀ ਦੀ ਕਹਾਣੀ (ਮੱਤੀ 19:16–26; ਮਰਕੁਸ 10:17–27; ਲੂਕਾ 18:18–27)।
7. ਈਨਾਮ ਤੇ ਸਵਾਲ ਅਤੇ ਖ਼ੁਦਾ ਦੀਆਂ ਬਰਕਤਾਂ ਤੇ ਸਿੱਖਿਆ (ਮੱਤੀ 19:27–30; ਮਰਕੁਸ 10:28–31; ਲੂਕਾ 18:28–30), ਸਵਾਲ ਅਤੇ ਇਨਾਮ, ਅੰਗੂਰੀ ਬਾਗ ਵਿਚ ਕਿਸਾਨਾਂ ਦੇ ਦ੍ਰਿਸ਼ਟਾਂਤ ਸਣੇ (ਮੱਤੀ 20:1–16)।
8. ਆਪਣੀ ਮੌਤ ਦੇ ਆਉਣ ਦੀ ਆਪਣੇ ਚੇਲਿਆਂ ਨੂੰ ਅਗਾਊਂ ਚਿਤਾਵਨੀ (ਮੱਤੀ 20:17–19; ਮਰਕੁਸ 10:32–34; ਲੂਕਾ 18:31–34)।
9. ਸੇਵਕਪੁਣੇ ਉੱਤੇ ਆਪਣੇ ਚੇਲਿਆਂ ਨੂੰ ਸਿੱਖਿਆ (ਮੱਤੀ 20:20–28; ਮਰਕੁਸ 10:35–45)।
10. ਬਰਤਿਮਈ ਅਤੇ ਉਸ ਦੇ ਸਾਥੀ ਨੂੰ ਸੁਜਾਖਾ ਕਰਨਾ (ਮੱਤੀ 20:29–34; ਮਰਕੁਸ 10:46–52; ਲੂਕਾ 18:35–43)।
11. ਜ਼ੱਕਈ ਨੂੰ ਲਾਲਚ ਤੋਂ ਬਚਾਉਣਾ (ਲੂਕਾ 19:1–10)।
12. ਆਪਣੇ ਚੇਲਿਆਂ ਨੂੰ ਸੁਧਾਰਨਾ– ਦਸ ਅਸ਼ਰਫ਼ੀਆਂ ਦਾ ਦ੍ਰਿਸਟਾਂਤ (ਲੂਕਾ 19:11–27)।

VII. ਯਿਸੂ ਦੀ ਸੇਵਕਾਈ ਦਾ ਆਖ਼ਰੀ ਹਫ਼ਤਾ

ੳ. ਸ਼ੁੱਕਰਵਾਰ ਦੁਪਹਿਰ: ਬੈਤਅਨੀਆ ਵਿਚ ਪਹੁੰਚਣਾ (ਯੂਹੰਨਾ 11:55–12:1)।

ਅ. ਸਨਿੱਚਰਵਾਰ ਸ਼ਾਮ: ਬੈਤਅਨੀਆ ਵਿਚ ਦਾਅਵਤ (ਮੱਤੀ 26:6–13; ਮਰਕੁਸ

14:3–9; ਯੂਹੰਨਾ 12:2–11)।

ੲ. ਐਤਵਾਰ ਸ਼ਾਮ: ਯਰੂਸ਼ਲਮ ਵਿਚ ਫ਼ਤਹਿਮੰਦ ਦਾਖਲਾ (ਮੱਤੀ 21:1–11; ਮਰਕੁਸ 11:1–11; ਲੂਕਾ 19:29–44; ਯੂਹੰਨਾ 12:12–19)।

ਸ. ਸੋਮਵਾਰ: ਅੰਜੀਰ ਦੇ ਰੁੱਖ ਨੂੰ ਸਰਾਪ ਦੇਣਾ, ਹੈਕਲ ਨੂੰ ਸ਼ੁੱਧ ਕਰਨਾ ਅਤੇ ਅੰਨ੍ਹੇ ਅਤੇ ਲੰਗੜੇ ਨੂੰ ਚੰਗਾ ਕਰਨਾ (ਮੱਤੀ 21:12–19; ਮਰਕੁਸ 11:12–19; ਲੂਕਾ 19:45–48; 21:37, 38)।

ਹ. ਮੰਗਲਵਾਰ: ''ਸਵਾਲਾਂ ਦਾ ਵੱਡਾ ਦਿਨ।''

1. ਜਾਣ ਪਛਾਣ: ਸੁੱਕਿਆ ਹੋਇਆ ਅੰਜੀਰ ਦਾ ਰੁੱਖ (ਮੱਤੀ 21:20–22; ਮਰਕੁਸ 11:20–26)।
2. ਇਖ਼ਤਿਆਰ ਉੱਤੇ ਸਵਾਲ:
   - ੳ. ਸਵਾਲ ਅਤੇ ਯਿਸੂ ਦਾ ਜਵਾਬ (ਮੱਤੀ 21:23–27; ਮਰਕੁਸ 11:27–33; ਲੂਕਾ 20:1–8)।
   - ਅ. ਉਸ ਦੇ ਜਵਾਬ ਦਾ ਭਾਗ: ਤਿੰਨ ਦ੍ਰਿਸ਼ਟਾਂਤ
     - (1) ਦੋ ਪੁੱਤਰਾਂ ਦਾ ਦ੍ਰਿਸ਼ਟਾਂਤ (ਮੱਤੀ 21:28–32)।
     - (2) ਦੁਸ਼ਟ ਮਾਲੀਆਂ ਦਾ ਦ੍ਰਿਸ਼ਟਾਂਤ (ਮੱਤੀ 21:33–46; ਮਰਕੁਸ 12:1–12; ਲੂਕਾ 20:9–19)।
     - (3) ਰਾਜੇ ਦੇ ਪੁੱਤਰ ਦੇ ਵਿਆਹ ਦੇ ਭੋਜ ਦਾ ਦ੍ਰਿਸ਼ਟਾਂਤ (ਮੱਤੀ 22:1–14)।
3. ਸਵਾਲਾਂ ਦੀ ਲੜੀ।
   - ੳ. ਫ਼ਰੀਸੀ ਅਤੇ ਹੇਰੋਦੇਸੀ ਮਸੂਲ ਦੇਣ ਬਾਰੇ ਸਵਾਲ ਪੁੱਛਦੇ ਹਨ (ਮੱਤੀ 22:15–22; ਮਰਕੁਸ 12:13–17; ਲੂਕਾ 20:20–26)।
   - ਅ. ਸਦੂਕੀ ਜੀ ਉੱਠਣ ਬਾਰੇ ਸਵਾਲ ਪੁੱਛਦੇ ਹਨ (ਮੱਤੀ 22:23–33; ਮਰਕੁਸ 12:18–27; ਲੂਕਾ 20:27–39)।
   - ੲ. ਸ਼ਰ੍ਹਾ ਦਾ ਇਕ ਸਿਖਾਉਣ ਵਾਲਾ ਸਭ ਤੋਂ ਵੱਡੇ ਹੁਕਮ ਬਾਰੇ ਪੁੱਛਦਾ ਹੈ (ਮੱਤੀ 22:34–40; ਮਰਕੁਸ 12:28–34; ਲੂਕਾ 20:40)।
   - ਸ. ਯਿਸੂ ''ਮਸੀਹ'' ਬਾਰੇ ਪੁੱਛਦਾ ਹੈ (ਮੱਤੀ 22:41–46; ਮਰਕੁਸ 12:35–37; ਲੂਕਾ 20:41–44)।
4. ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਮਸੀਹ ਦੀ ਡਾਂਟ (ਮੱਤੀ 23:1–39; ਮਰਕੁਸ 12:38–40; ਲੂਕਾ 20:45–47)।
5. ਵਿਧਵਾ ਦਾ ਦਾਨ (ਮਰਕੁਸ 12:41–44; ਲੂਕਾ 21:1–4)।
6. ਭੀੜ ਨੂੰ ਉਪਦੇਸ਼
   - ੳ. ਗੈਰ ਕੌਮ ਯਿਸੂ ਨੂੰ ਭਾਲਦੇ ਹਨ (ਯੂਹੰਨਾ 12:20–22)।
   - ਅ. ਯਿਸੂ ਦੀ ਨਜ਼ਦੀਕੀ ਮੌਤ– ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ ਲਈ (ਯੂਹੰਨਾ 12:23–36)।
   - ੲ. ਯਿਸੂ ਨੂੰ ਯਹੂਦੀਆਂ ਵੱਲੋਂ ਰੱਦਿਆ ਗਿਆ (ਯੂਹੰਨਾ 12:37–50)।
7. ਯਰੂਸ਼ਲਮ ਦੀ ਬਰਬਾਦੀ ਅਤੇ ਦੂਜੀ ਆਮਦ ਤੇ ਰਸੂਲਾਂ ਨੂੰ ਉਪਦੇਸ਼
   - ੳ. ਟਿੱਪਣੀਆਂ ਅਤੇ ਸਵਾਲ (ਮੱਤੀ 24:1–3; ਮਰਕੁਸ 13:1–4; ਲੂਕਾ

21:5–7)।

ਅ. ਯਰੂਸ਼ਲਮ ਦੀ ਬਰਬਾਦੀ ਤੇ ਸਿੱਖਿਆ।

(1) ਯਰੂਸ਼ਲਮ ਦੀ ਬਰਬਾਦੀ ਨਾਲ ਅਸਬੰਧਿਤ ਘਟਨਾਵਾਂ (ਮੱਤੀ 24:4–14; ਮਰਕੁਸ 13:5–15; ਲੂਕਾ 21:8–19)।

(2) ਯਰੂਸ਼ਲਮ ਦੀ ਬਰਬਾਦੀ ਨਾਲ ਜੁੜੀਆਂ ਘਟਨਾਵਾਂ (ਮੱਤੀ 24:15–35; ਮਰਕੁਸ 13:14–31; ਲੂਕਾ 21:20–36)।

ੲ. ਦੂਜੀ ਆਮਦ ਤੇ ਸਿੱਖਿਆ

(1) ਆਮ ਸਿੱਖਿਆ

(ੳ) ਬਿਨਾਂ ਐਲਾਨ ਦੇ ਦੂਜੀ ਆਮਦ (ਮੱਤੀ 24:36–41; ਮਰਕੁਸ 13:32)।

(ਅ) ਤਿਆਰ ਰਹਿਣ ਦੀ ਲੋੜ (ਮੱਤੀ 24:42–51; ਮਰਕੁਸ 13:33–37)।